**STATE POWER CORPORATION LIMITED**

**Regd. Office: PSEB, The Mall, Patiala-147001, CIN No: U40109PB2010SGC033813**

**O/o Chief Engineer/HRD (Recruitment Section).**

## ਈ ਐਡਮਿਟ ਕਾਰਡ ਅਤੇ ਪ੍ਰੀਖਿਆ ਕੇਂਦਰ ਵਿਚ ਹਾਜਰ ਹੋਣ ਸਬੰਧੀ ਧਿਆਨ ਵਿਚ ਲਿਆਉਣ ਯੋਗ ਗੱਲਾਂ

ਸੀਆਰਏ 301/23 ਅਧੀਨ ਸਹਾਇਕ ਲਾਈਨਮੈਨ ਵਿਰੁੱਧ ਅਪਲਾਈ ਕੀਤੇ ਸਾਰੇ ਉਮੀਦਵਾਰਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ ਤੇ ਈ-ਐਡਮਿਟ ਕਾਰਡ ਦਾ ਲਿੰਕ ਜਾਰੀ ਕਰ ਦਿਤਾ ਗਿਆ ਹੈ। ਜਿਸ ਸਬੰਧ ਵਿਚ ਉਮੀਦਵਾਰਾ ਨੂੰ ਸਲਾਹ ਦਿਤੀ ਜਾਂਦੀ ਹੈ ਕਿ:

1. ਉਹ www.pspcl.in ਤੇ Recruitment Tab ਤੇ ਜਾ ਕੇ ਸੀਆਰਏ 301/23 ਅਧੀਨ ਲਿੰਕ ਤੋ ਈ-ਐਡਮਿਟ ਕਾਰਡ/ਰੋਲ ਨੰਬਰ ਡਾਊਨਲੋਡ ਕਰਕੇ ਪ੍ਰਿੰਟ ਕਢਵਾਉਣ, ਐਡਮਿਟ ਕਾਰਡ ਦਾ ਪ੍ਰਿੰਟ ਪ੍ਰੀਖਿਆਂ ਕੇਂਦਰ ਵਿਚ ਲੈਕੇ ਆਉਣਾ ਲਾਜਮੀ ਹੈ।
2. ਉਮੀਦਵਾਰ ਐਡਮਿਟ ਕਾਰਡ ਵਿਚ ਦਰਸਾਈਆ ਹਦਾਇਤਾ ਨੂੰ ਚੰਗੀ ਤਰ੍ਹਾਂ ਪੜ ਲੈਣ ਅਤੇ ਪ੍ਰੀਖਿਆ ਕੇਂਦਰ ਵਿਚ ਹਾਜਰ ਹੋਣ ਲਈ ਹਦਾਇਤਾ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
3. ਉਮੀਦਵਾਰਾ ਦੀ ਸਹੂਲਤ ਲਈ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ ਤੇ Mock Test ਦੀ ਸੁਵਿਧਾ ਪ੍ਰਧਾਨ ਕੀਤੀ ਗਈ ਹੈ। ਉਮੀਦਵਾਰ Mock Testing ਦੇ ਰਾਹੀ ਪ੍ਰੈਕਟਿਸ ਕਰ ਸਕਦੇ ਹਨ।
4. **ਖਾਸ ਧਿਆਨ ਵਿਚ ਲਿਆਉਣ ਯੋਗ ਗੱਲ੍ਹਾਂ:**
   - i. ਐਡਮਿਟ ਕਾਰਡ ਦੀ ਪ੍ਰਿੰਟ ਕਾਪੀ ਪ੍ਰੀਖਿਆ ਕੇਂਦਰ ਵਿਚ ਨਾਲ ਲੈਕੇ ਆਉਣਾ ਲਾਜਮੀ ਹੈ।
   - ii. ਅਸਲ ਰੂਪ ਵਿਚ ਆਈ.ਡੀ ਕਾਰਡ ਜਿਵੇ ਕਿ Employer ID (Government), Driving License, Voter ID, Aadhar Card, Passport, PAN Card ਲੈਕੇ ਆਉਣਾ ਲਾਜਮੀ ਹੈ।
   - iii. ਐਡਮਿਟ ਕਾਰਡ ਵਿਚ ਨਿਰਧਾਰਿਤ ਕੀਤੀ ਜਗ੍ਹਾਂ ਤੇ ਉਮੀਦਵਾਰ ਆਪਣੀ ਫੋਟੋ ਚਿਪਕਾ ਕੇ ਲੈਕੇ ਆਉਣ(ਓਹੀ ਫੋਟੋ ਜਿਹੜੀ ਕੇ ਉਨ੍ਹਾਂ ਵਲੋ ਆਨਲਾਈਨ ਐਪਲੀਕੇਸ਼ਨ ਫਾਰਮ ਵਿਚ ਅਪਲੋਡ ਕੀਤੀ ਗਈ ਸੀ) ਅਤੇ ਇਕ ਹੋਰ ਕਲ੍ਰਰਡ ਫੋਟੋ ਨਾਲ ਲੈਕੇ ਆਉਣ ਜੋ ਕਿ ਹਾਜਰੀ ਸ਼ੀਟ ਵਿਚ ਲਗਾਈ ਜਾਵੇਗੀ।
   - iv. ਉਮੀਦਵਾਰ ਐਡਮਿਟ ਕਾਰਡ ਵਿਚ ਨਿਰਧਾਰਿਤ ਕੀਤੀ ਜਗ੍ਹਾਂ ਤੇ ਆਪਣੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਨ ਲਗਾਕੇ ਲੈਕੇ ਆਉਣ।
   - v. ਨੀਲੇ ਜਾਂ ਕਾਲੇ ਰੰਗ ਦੀ ਸ਼ਿਆਹੀ ਵਾਲਾ ਪੈੱਨ ਜੋ ਕਿ ਪਾਰਦਰਸ਼ੀ ਹੋਣਾ ਚਾਹੀਦਾ ਹੈ, ਉਮੀਦਵਾਰ ਪ੍ਰੀਖਿਆ ਕੇਂਦਰ ਵਿਚ ਆਪਣੇ ਨਾਲ ਲੈਕੇ ਹਾਜਰ ਹੋਣ।ਪ੍ਰੀਖਿਆ ਕੇਂਦਰ ਵਿਚ ਕਿਸੇ ਵੀ ਉਮੀਦਵਾਰ ਨੂੰ ਪੈੱਨ ਮੁਹੱਈਆ ਨਹੀ ਕਰਵਾਇਆ ਜਾਵੇਗਾ।
5. **ਪ੍ਰੀਖਿਆ ਕੇਂਦਰ ਵਿਚ ਨਾ ਲਿਆਉਣ ਯੋਗ ਸਮਾਨ/ਸਮੱਗਰੀ**:
   - i. ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰਾਨਿਕ/ਨਾਨ ਇਲੈਕਟ੍ਰਾਨਿਕ ਯੰਤਰ, ਮੋਬਾਇਲ ਫੋਨ, ਸਮਾਰਟ ਵਾਚ, ਪੇਪਰ, ਬੈਲਟ, ਗਹਿਣੇ, ਕਿਤਾਬ, Purse, Ear-pod, ਹੈਂਡ-ਬੈਗ, ਕੈਲਕੂਲੇਟਰ ਆਦਿ।
   - ii. ਕਿਸੇ ਵੀ ਤਰ੍ਹਾਂ ਦੇ ਗਹਿਣੇ, ਮੇਕਅਪ, ਕਾਲੀਆ/ਧੁਪ ਵਾਲੀਆ ਐਨਕਾਂ,ਟੋਪੀ ਅਤੇ ਹੱਥਾ ਤੇ ਮਹਿੰਦੀ, ਰੰਗ, ਸਿਆਹੀ ਆਦਿ ਲਗਾਂ ਕੇ ਪ੍ਰੀਖਿਆ ਕੇਂਦਰ ਵਿਚ ਦਾਖਲ ਹੋਣ ਦੀ ਆਗਿਆ ਨਹੀ ਦਿਤੀ ਜਾਵੇਗੀ।
6. ਇਸ ਤੋ ਇਲਵਾ ਉਮੀਦਵਾਰਾ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਹੋਰ ਵਧੇਰੇ ਜਾਣਕਾਰੀ ਲਈ ਸਮੇਂ ਸਮੇਂ ਤੇ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ ਚੈਕ ਕਰਦੇ ਰਹਿਣ।

ਨੋਟ: **ਐਡਮਿਟ ਕਾਰਡ ਵਿਚ ਦਰਸਾਈ ਕਿਸੇ ਵੀ ਹਦਾਇਤ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਜੇਕਰ ਉਮੀਦਵਾਰ ਨੂੰ ਪ੍ਰੀਖਿਆ ਕੇਂਦਰ ਵਿਚ ਹਾਜਰ ਨਹੀ ਹੋਣ ਦਿੱਤਾ ਜਾਂਦਾ ਤਾਂ ਇਸਦੀ ਸਾਰੀ ਜਿੰਮੇਵਾਰੀ ਉਮੀਦਵਾਰ ਦੀ ਹੋਵੇਗੀ।**

Date: 21-06-2024 **Sd/-**

**ਉਪ ਸਕੱਤਰ/ਭਰਤੀ,**
**ਪੀ.ਐਸ.ਪੀ.ਸੀ.ਐਲ,ਪਟਿਆਲਾ।**